General Certificate of Education
Advanced Subsidiary Examination
June 2011

# Panjabi PANJ1

**Unit 1 Reading and Writing**

# Insert

**Text to be used when answering Section 1**

Text for use with **Section 1**

(ੳ)

## ਖੇਤੀ ਵਿੱਚ ਕਿਸਾਨਾਂ ਨੂੰ ਲਾਭ ਕਿਵੇਂ ਹੋਵੇ ?

ਅੱਜ ਵੀ ਪੰਜਾਬ ਦੇ ਕਿਸਾਨਾਂ ਦਾ ਦੇਸ਼ ਦੇ ਅੰਨ ਭੰਡਾਰ ਵਿੱਚ ਯੋਗਦਾਨ ਸਾਰੇ ਰਾਜਾਂ ਨਾਲੋਂ ਵੱਧ ਹੈ ਜਦੋਂ ਕਿ ਪੰਜਾਬ ਵਿੱਚ ਖੇਤੀ ਲਈ ਵਰਤੀ ਜਾਂਦੀ ਜ਼ਮੀਨ ਭਾਰਤ ਦੀ ਕੁਲ ਜ਼ਮੀਨ ਦਾ ਦੋ ਪ੍ਰਤੀਸ਼ਤ ਹਿੱਸਾ ਹੈ।

ਪੰਜਾਬ ਦੇ ਕਿਸਾਨਾਂ ਦੇ ਮੱਛੀ ਪਾਲਣ, ਖੁੰਭਾਂ ਉਗਾਉਣ ਅਤੇ ਡੇਅਰੀ ਦੇ ਖੇਤਰ ਵਿੱਚ ਪੁਲਾਂਘਾਂ ਪੁੱਟਣ ਨਾਲ ਕਿਸਾਨਾਂ ਦੀ ਆਰਥਿਕ ਹਾਲਤ ਵਿੱਚ ਸੁਧਾਰ ਹੋਇਆ ਹੈ। ਪਰ ਫਸਲਾਂ ਦਾ ਚੰਗਾ ਮੁੱਲ ਨਾ ਪੈਣਾ ਕਿਸਾਨਾਂ ਲਈ ਗੰਭੀਰ ਸਮੱਸਿਆ ਬਣ ਚੁੱਕੀ ਹੈ। ਕਿਸਾਨਾਂ ਸਿਰ ਕਰਜ਼ੇ ਵਧ ਰਹੇ ਹਨ ਅਤੇ ਬਿਜਲੀ ਦੀ ਘਾਟ ਕਾਰਨ ਫਸਲਾਂ ਦੀ ਸਿੰਚਾਈ ਕਰਨ ਲਈ ਡੀਜ਼ਲ ਦੀ ਵਰਤੋਂ ਖਰਚ ਵਧਾ ਰਹੀ ਹੈ।

ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਕੇ ਖੇਤੀ ਨੂੰ ਲਾਭਦਾਇਕ ਬਣਾਉਣਾ ਅਤੀ ਜ਼ਰੂਰੀ ਹੈ। ਹਰ ਖੇਤਰ ਵਿੱਚ ਖਰਚ ਘਟਾ ਕੇ ਆਮਦਨੀ ਵਧਾਈ ਜਾ ਸਕਦੀ ਹੈ। ਉਚਿਤ ਫਸਲ ਦੀ ਚੋਣ, ਬਿਜਾਈ ਦਾ ਸਮਾਂ ਅਤੇ ਫਸਲ ਬੀਜਣ ਲਈ ਵਰਤੀ ਜਾਣ ਵਾਲੀ ਜ਼ਮੀਨ ਬਾਰੇ ਧਿਆਨ ਨਾਲ ਸੋਚਣਾ ਚਾਹੀਦਾ ਹੈ। ਘੱਟ ਜ਼ਮੀਨ ਵਾਸਤੇ ਟਰੈਕਟਰ ਅਤੇ ਹੋਰ ਮਸ਼ੀਨਰੀ ਰੱਖਣਾ ਲਾਹੇਵੰਦ ਨਹੀਂ ਅਤੇ ਛੋਟੇ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਆਪਸ ਵਿੱਚ ਮਿਲ ਜੁਲ ਕੇ ਯੋਜਨਾ ਬਣਾ ਕੇ ਕੰਮ ਕਰਨ।

Text for use with **Section 1**

(ਅ)

## ਮੁਸੀਬਤ ਦਾ ਕਾਰਨ ਬਣੀ ਪੌਲੀਥੀਨ

ਪੌਲੀਥੀਨ ਦੇ ਲਿਫਾਫਿਆਂ ਦਾ ਗੰਦ ਬਰਤਾਨੀਆ ਵਿੱਚ ਹੀ ਨਹੀਂ ਸਗੋਂ ਪੰਜਾਬ ਵਿੱਚ ਵੀ ਵਾਤਾਵਰਣ ਲਈ ਖਤਰਾ ਬਣ ਚੁੱਕਾ ਹੈ । ਸ਼ਹਿਰਾਂ ਦੀਆਂ ਗਲ਼ੀਆਂ ਦੇ ਖੂੰਜਿਆਂ ਵਿੱਚ ਪੌਲੀਥੀਨ ਦੇ ਲਿਫਾਫੇ ਖਿਲਰੇ ਨਜ਼ਰ ਆ ਰਹੇ ਹਨ । ਜਦੋਂ ਇਨ੍ਹਾਂ ਨੂੰ ਜਲ਼ਾਇਆ ਜਾਂਦਾ ਹੈ ਤਾਂ ਜ਼ਹਿਰੀਲੀਆਂ ਗੈਸਾਂ ਪੈਦਾ ਹੁੰਦੀਆਂ ਹਨ । ਇਨ੍ਹਾਂ ਨਾਲ ਵਾਤਾਵਰਣ ਦੂਸ਼ਿਤ ਹੁੰਦਾ ਹੈ ਅਤੇ ਮਨੁੱਖੀ ਜੀਵਨ ਲਈ ਖਤਰਾ ਪੈਦਾ ਹੁੰਦਾ ਹੈ ।

ਜੇ ਪਸ਼ੂ ਪੌਲੀਥੀਨ ਦੇ ਲਿਫਾਫੇ ਖਾ ਲੈਣ ਤਾਂ ਇਹ ਉਨ੍ਹਾਂ ਦੀ ਮੌਤ ਦਾ ਕਾਰਨ ਬਣ ਸਕਦੇ ਹਨ । ਜੇ ਜ਼ਮੀਨ ਵਿੱਚ ਦਬਾ ਦਿੱਤੇ ਜਾਣ ਤਾਂ ਕਈ ਸਾਲ ਗਲ਼ਦੇ ਹੀ ਨਹੀਂ । ਮਾਹਿਰਾਂ ਅਨੁਸਾਰ ਪੌਲੀਥੀਨ ਵਿੱਚ ਪੈਕ ਕੀਤੇ ਖਾਣ ਪੀਣ ਵਾਲੇ ਤਰਲ ਪਦਾਰਥਾਂ ਵਿੱਚ ਪੌਲੀਥੀਨ ਵਿੱਚੋਂ ਕੁਝ ਮਾਤਰਾ ਵਿੱਚ ਸਿਹਤ ਲਈ ਹਾਨੀਕਾਰਕ, ਜ਼ਹਿਰੀਲੇ ਰਸਾਇਣਕ ਤੱਤ ਮਿਲ ਜਾਂਦੇ ਹਨ ।

ਇਸ ਸਮੱਸਿਆ ਦੇ ਹੱਲ ਵਾਸਤੇ ਵਪਾਰਕ ਸੰਸਥਾਵਾਂ ਨੇ ਕੁਝ ਨਾ ਕੀਤਾ ਤਾਂ ਪੌਲੀਥੀਨ ਤੋਂ ਵਧ ਰਹੇ ਜ਼ਹਿਰ ਅਤੇ ਪ੍ਰਦੂਸ਼ਨ ਤੋਂ ਮੁਕਤ ਹੋਣਾ ਮੁਸ਼ਕਲ ਹੋਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੌਲੀਥੀਨ ਦੀ ਵਰਤੋਂ ਤੇ ਪਾਬੰਦੀ ਲਾਵੇ ਅਤੇ ਵਿਗਿਆਨੀਆਂ ਦੀ ਆਸਾਨੀ ਨਾਲ ਗਲ਼ ਸਕਣ ਵਾਲੀ ਖਾਸ ਕਿਸਮ ਦੀ ਪੌਲੀਥੀਨ ਸਸਤੇ ਮੁੱਲ ਤੇ ਤਿਆਰ ਕਰਨ ਲਈ ਸਹਾਇਤਾ ਕਰੇ ।

**There are no questions printed on this page**

Copyright © 2011 AQA and its licensors. All rights reserved.